BRITISH COLUMBIA HealthLinkBC

Punjabi - Number 105
June 2022

# ਡਿਪਥੀਰੀਆ,ਟੈਟਨਸ,ਪਰਟੂਸਿਸ,ਹੈਪੇਟਾਈਟਸ ਬੀ,ਪੋਲਿਓ, ਅਤੇ *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ (ਡੀਟੈਪ–ਐਚਬੀ–ਆਈਪੀਵੀ–ਹਿਬ) ਵੈਕਸੀਨ

# Diphtheria, Tetanus, Pertussis, Hepatitis B, Polio and *Haemophilus influenzae* type b (DTaP-HB-IPV-Hib) Vaccine

ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

## ਡੀਟੈਪ – ਐਚਬੀ – ਆਈਪੀਵੀ –ਹਿਬ (DTaP-HB-IPV-Hib) ਵੈਕਸੀਨ ਕੀ ਹੈ?

ਇਹ ਵੈਕਸੀਨ 6 ਬਿਮਾਰੀਆਂ ਵਿਰੁੱਧ ਰੱਖਿਆ ਕਰਦੀ ਹੈ:

- ਡਿਪਥੀਰੀਆ
- ਟੈੱਟਨਸ
- ਪਰਟੂਸਿਸ (ਕਾਲੀ ਖਾਂਸੀ)
- ਹੈਪੇਟਾਈਟਸ ਬੀ (ਐਚ ਬੀ – HB)
- ਪੋਲਿਓ (ਆਈਪੀਵੀ – IPV)
- *ਹੀਮੋਫਿਲਿਸ ਇਨਫਲੂਐਂਜ਼ਾਏ* ਟਾਇਪ – ਬੀ (ਹਿਬ – Hib)

ਇਹ ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।ਇਹ ਬਿਮਾਰੀਆਂ ਤੋਂ ਬਚਾਉਣ ਲਈ ਕੀਤੇ ਜਾਣ ਵਾਲੇ ਤੁਹਾਡੇ ਬੱਚੇ ਦੇ ਨੇਮਕ ਟੀਕਾਕਰਣ ਦੇ ਹਿਸੇ ਵਜੋਂ ਮੁਫਤ ਹੋਵੇਗੀ।ਅਪੌਇੰਟਮੈਂਟ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਫੋਨ ਕਰੋ।

## ਡੀਟੈਪ – ਐਚਬੀ – ਆਈਪੀਵੀ –ਹਿਬ (DTaP-HB-IPV-Hib) ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

ਡੀਟੈਪ – ਐਚਬੀ – ਆਈਪੀਵੀ –ਹਿਬ (DTaP-HB-IPV-Hib) ਵੈਕਸੀਨ ਬੱਚਿਆਂ ਨੂੰ 3 ਖੁਰਾਕਾਂ ਦੀ ਲੜੀ ਦੀ ਤਰ੍ਹਾਂ ਦਿੱਤੀ ਜਾਂਦੀ ਹੈ।ਪਹਿਲੀ ਖੁਰਾਕ 2 ਮਹੀਨੇ ਦੀ ਉਮਰ ਤੇ, ਦੂਸਰੀ 4 ਮਹੀਨੇ ਅਤੇ ਤੀਸਰੀ 6 ਮਹੀਨੇ ਦੀ ਉਮਰ ਤੇ ਦਿੱਤੀ ਜਾਂਦੀ ਹੈ।ਉਹਨਾਂ ਨੂੰ ਇਹ ਵੈਕਸੀਨ ਬਚਪਨ ਦੇ ਬਿਮਾਰੀਆਂ ਤੋਂ ਬਚਾਉਣ ਲਈ ਦਿੱਤੇ ਜਾਣ ਵਾਲੇ ਦੂਸਰੇ ਟੀਕਿਆਂ ਦੇ ਨਾਲ ਹੀ ਦਿੱਤੀ ਜਾਣੀ ਚਾਹੀਦੀ ਹੈ।

| **ਡੀਟੈਪ – ਐਚਬੀ – ਆਈਪੀਵੀ – ਹਿਬ ਵੈਕਸੀਨ** | **ਟੀਕਾਕਰਣ ਸਮੇਂ ਬੱਚੇ ਦੀ ਉਮਰ** |
|---|---|
| ਪਹਿਲੀ ਖੁਰਾਕ | 2 ਮਹੀਨੇ |
| ਦੂਸਰੀ ਖੁਰਾਕ | 4 ਮਹੀਨੇ |
| ਤੀਸਰੀ ਖੁਰਾਕ | 6 ਮਹੀਨੇ |

18 ਮਹੀਨਿਆਂ ਦੀ ਉਮਰ ਤੇ ਡੀਟੈਪ – ਐਚਬੀ – ਆਈਪੀਵੀ –ਹਿਬ ਵੈਕਸੀਨ ਦੀ ਇੱਕ ਬੂਸਟਰ ਖੁਰਾਕ ਦਿੱਤੀ ਜਾਂਦੀ ਹੈ।ਇਸ ਵੈਕਸੀਨ ਵਿੱਚ ਹੈਪਾਟਾਈਟਸ ਬੀ ਵੈਕਸੀਨ ਨਹੀਂ ਹੁੰਦੀ ਕਿਉਂਕਿ ਬੱਚਿਆਂ ਨੇ ਆਪਣੀ ਹੈਪਾਟਾਈਟਸ ਵੈਕਸੀਨ ਦੀ ਲੜੀ ਬਚਪਨ ਵਿੱਚ ਪੂਰੀ ਕਰ ਲਈ ਸੀ।ਹੋਰ ਜਾਣਕਾਰੀ ਲਈ, HealthLinkBC file #15b ਡਿਫਥੇਰੀਆ, ਟੈਟਨਸ,ਪਰਟੂਸਿਸ, ਪੋਲੀਓ, *ਹੀਮੋਫਿਲਸ ਇਨਫਲੂਐਂਜ਼ਾਈ* ਟਾਈਪ ਬੀ. (ਡੀਟੈਪ-ਆਈਪੀਵੀ-ਹਿਬ) ਵੈਕਸੀਨ ਦੇਖੋ।

ਬਿਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

## ਡੀਟੈਪ – ਐਚਬੀ – ਆਈਪੀਵੀ –ਹਿਬ (DTaP-HB-IPV-Hib) ਵੈਕਸੀਨ ਦੇ ਕੀ ਲਾਭ ਹਨ?

ਇਹ ਵੈਕਸੀਨ ਤੁਹਾਡੇ ਬੱਚੇ ਨੂੰ ਡਿਪਥੀਰੀਆ, ਟੈਟਨਸ, ਪਰਟੂਸਿਸ (ਕਾਲੀ ਖਾਂਸੀ), ਹੈਪੇਟਾਈਟਸ ਬੀ ਪੋਲਿਓ ਜਾਂ *ਹੀਮੋਫਿਲਿਸ ਇੰਨਫਲੂਐਨਜ਼ਾਏ* (*Haemophilus influenzae*) ਟਾਇਪ ਬੀ, ਦੇ ਵਿਰੁੱਧ ਰੱਖਿਆ ਕਰਨ ਦਾ ਸਭ ਤੋਂ ਚੰਗਾ ਢੰਗ ਹੈ। ਇਹ ਗੰਭੀਰ ਅਤੇ ਕਈ ਵਾਰੀ ਜਾਨਲੇਵਾ ਬਿਮਾਰੀਆਂ ਹੋ ਸਕਦੀਆਂ ਹਨ। ਜਦੋਂ ਤੁਸੀਂ ਆਪਣੇ ਬੱਚੇ ਦਾ ਟੀਕਾਕਰਨ ਕਰਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰਦੇ ਹੋ।

## ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ।ਵੈਕਸੀਨ ਲਗਵਾਉਣਾ ਇੰਨਾਂ ਵਿੱਚੋਂ ਕਿਸੇ ਇੱਕ ਬਿਮਾਰੀ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।

ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਅਤੇ ਸੋਜ ਸ਼ਾਮਲ ਹੋ ਸਕਦੇ ਹਨ। ਕਈ ਬੱਚਿਆਂ ਨੂੰ ਬੁਖਾਰ ਹੋ ਸਕਦਾ ਹੈ ਜਾਂ ਉਹ ਚਿੜਚਿੜੇਪਨ, ਬੇਚੈਨੀ, ਉਲਟੀਆਂ, ਦਸਤ, ਲਗਾਤਾਰ ਰੋਣ ਜਾਂ ਭੁੱਖ ਨਾ ਲਗਣ ਦਾ ਅਨੁਭਵ ਕਰ ਸਕਦੇ ਹਨ।ਇਹ ਪ੍ਰਤੀਕਿਰਿਆਵਾਂ ਹਲਕੀਆਂ ਹੁੰਦੀਆਂ ਹਨ ਅਤੇ ਆਮਤੌਰ ਤੇ 1 ਜਾਂ 2 ਦਿਨਾਂ ਲਈ ਰਹਿੰਦੀਆਂ ਹਨ।

ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ।ਏਐਸਏ(ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

* 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰੇਏ ਸਿੰਨਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ ਵਿੱਚ, ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ।ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ।ਐਮਰਜੈਂਸੀ ਇਲਾਜ ਵਿੱਚ ਸ਼ਾਮਲ ਹਨ ਐਪੀਨੇਫਰਿੰਨ (ਐਡ੍ਰੇਨੇਲਿੰਨ – adrenaline) ਦਿੱਤੇ ਜਾਣਾ ਅਤੇ ਐਮਬੁਲੈਂਸ ਰਾਹੀਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟ੍ਰਾਂਸਫਰ ਸ਼ਾਮਲ ਹੈ। ਜੇ ਅਜਿਹਾ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਹੁੰਦਾ ਹੈ, ਤਾਂ **9–1–1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਡੀਟੈਪ – ਐਚਬੀ – ਆਈਪੀਵੀ –ਹਿਬ (DTaP-HB-IPV-Hib) ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਜੇ ਤੁਹਾਡੇ ਬੱਚੇ ਨੂੰ ਪਹਿਲਾਂ ਲਈ ਗਈ ਡਿਪਥੀਰੀਆ, ਟੈਟਨਸ, ਪਰਟੂਸਿਸ (ਕਾਲੀ ਖਾਂਸੀ), ਹੈਪੇਟਾਈਟਸ ਬੀ ਪੋਲਿਓ ਜਾਂ *ਹੀਮੋਫੀਲਸ ਇੰਨਫਲੂਐਨਜ਼ਾਏ* (*Haemophilus influenzae*) ਟਾਇਪ ਬੀ ਵੈਕਸੀਨ ਦੀ ਖੁਰਾਕ, ਜਾਂ ਨਿਓਮਾਈਸਨ ਅਤੇ ਪੌਲੀਮੈਕਸਿੰਨ ਬੀ ਸਮੇਤ ਵੈਕਸੀਨ ਦੇ ਕਿਸੇ ਵੀ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਹੋਈ ਹੈ ਤਾਂ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨਾਲ ਗੱਲ ਕਰੋ।

ਹੋਰ ਕਿਸੇ ਕਾਰਨ ਤੋਂ ਬਿਨਾਂ ਜਿਨ੍ਹਾਂ ਬੱਚਿਆਂ ਵਿਚ ਟੈੱਟਨਸ ਵੈਕਸੀਨ ਲੈਣ ਤੋਂ 8 ਹਫ਼ਤਿਆਂ ਦੇ ਅੰਦਰ ਗੁਇਲੇਨ-ਬਾਰੀ ਸਿੰਡਰੋਮ (GBS) ਵਿਕਸਤ ਹੋ ਗਿਆ ਹੋਵੇ ਉਨ੍ਹਾਂ ਨੂੰ ਡੀਟੈਪ – ਐਚਬੀ – ਆਈਪੀਵੀ –ਹਿਬ (DTaP-HB-IPV-Hib) ਵੈਕਸੀਨ ਨਹੀਂ ਲੈਣੀ ਚਾਹੀਦੀ।ਜੀਬੀਐਸ (GBS) ਇੱਕ ਬਹੁਤ ਘੱਟ ਹੋਣ ਵਾਲੀ ਸਮੱਸਿਆ ਹੈ, ਜਿਸ ਦੇ ਨਤੀਜੇ ਵਜੋਂ ਕਮਜ਼ੋਰੀ ਅਤੇ ਸਰੀਰ ਦੇ ਪੱਠਿਆਂ ਨੂੰ ਲਕਵਾ ਹੋ ਸਕਦਾ ਹੈ।ਇਹ ਸਭ ਤੋਂ ਆਮ ਤੌਰ ਤੇ ਵਿਗਾੜਾਂ ਤੋਂ ਬਾਅਦ ਹੁੰਦੀ ਹੈ ਪਰ ਵਿਰਲੇ ਕੇਸਾਂ ਵਿਚ ਕੁੱਝ ਵੈਕਸੀਨਾਂ ਲੈਣ ਤੋਂ ਬਾਅਦ ਵੀ ਹੋ ਸਕਦੀ ਹੈ।

ਵੈਕਸੀਨ ਆਮਤੌਰ ਤੇ 7 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਨਹੀਂ ਦਿੱਤੀ ਜਾਂਦੀ।

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬੀਮਾਰੀ ਕਰਕੇ ਬਿਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ।ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਡਿਪਥੀਰੀਆ,ਟੈਟਨਸ,ਪਰਟੂਸਿਸ,ਹੈਪੇਟਾਈਟਸ ਬੀ,ਪੋਲਿਓ, ਅਤੇ *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ ਕੀ ਹਨ?

**ਡਿਪਥੀਰੀਆ**,ਨੱਕ ਅਤੇ ਗਲੇ ਦਾ ਇੱਕ ਗੰਭੀਰ ਵਿਗਾੜ ਹੈ ਜੋ ਡਿਪਥੀਰੀਆ ਬੈਕਟੀਰੀਆ ਕਰਕੇ ਹੁੰਦਾ ਹੈ।ਇਹ ਬੈਕਟੀਰੀਆ ਲੋਕਾਂ ਦੇ ਛਿੱਕਣ ਜਾਂ ਖੰਘਣ ਕਰਕੇ ਹਵਾ ਰਾਹੀਂ,ਅਤੇ ਸਿੱਧੇ ਤੌਰ ਉੱਤੇ ਚਮੜੀ ਨਾਲ ਚਮੜੀ ਦਾ ਸੰਪਰਕ ਹੋਣ ਨਾਲ ਫੈਲਦੇ ਹਨ।ਇਸ ਬਿਮਾਰੀ ਦਾ ਨਤੀਜਾ ਸਾਹ ਸੰਬੰਧੀ ਬਹੁਤ ਗੰਭੀਰ ਸਮੱਸਿਆਵਾਂ ਹੋ ਸਕਦਾ ਹੈ।ਇਹ ਹਾਰਟ ਫੇਲ੍ਹ ਹੋਣ ਅਤੇ ਲਕਵੇ ਦਾ ਕਾਰਨ ਵੀ ਬਣ ਸਕਦੀ ਹੈ।ਸੰਭਵ ਹੈ ਕਿ ਡਿਪਥੀਰੀਆ ਹੋਣ ਵਾਲੇ 10 ਲੋਕਾਂ ਵਿੱਚੋਂ ਲਗਭਗ 1 ਦੀ ਮੌਤ ਹੋ ਜਾਏ।

**ਟੈਟਨਸ**, ਜਿਸ ਨੂੰ ਲੌਕਜਾਅ (Lockjaw) ਵੀ ਕਿਹਾ ਜਾਂਦਾ ਹੈ, ਦਾ ਕਾਰਨ ਅਜਿਹਾ ਬੈਕਟੀਰੀਆ ਹੈ ਜੋ ਅਕਸਰ ਮਿੱਟੀ ਵਿੱਚ ਪਾਇਆ ਜਾਂਦਾ ਹੈ।ਜਦੋਂ ਇਹ ਬੈਕਟੀਰੀਆ ਚੀਰ ਜਾਂ ਝਰੀਟ ਦੇ ਰਾਹੀਂ ਚਮੜੀ ਵਿੱਚ ਦਾਖਲ ਹੋ ਜਾਂਦੇ ਹਨ, ਤਾਂ ਉਹ ਅਜਿਹੇ ਜ਼ਹਿਰ ਦਾ ਉਤਪਾਦਨ ਕਰਦੇ ਹਨ ਜੋ ਸਾਰੇ ਸਰੀਰ ਵਿੱਚ ਮਾਸਪੇਸ਼ੀਆਂ ਦੀ ਦਰਦਨਾਕ ਅਕੜਨ ਅਤੇ ਮੂੰਹ ਖੋਲਣ ਵਿੱਚ ਤਕਲੀਫ ਦਾ ਕਾਰਨ ਬਣ ਸਕਦਾ ਹੈ।ਜੇ ਸਾਹ ਲੈਣ ਵਾਲੀਆਂ ਮਾਸਪੇਸ਼ੀਆਂ ਪ੍ਰਭਾਵਤ ਹੋ ਜਾਣ ਤਾਂ ਇਹ ਬਹੁਤ ਗੰਭੀਰ ਹੈ।ਟੈਟਨਸ ਹੋਣ ਵਾਲੇ 5 ਵਿਅਕਤੀਆਂ ਵਿੱਚੋਂ 1 ਤੱਕ ਦੀ ਮੌਤ ਹੋ ਸਕਦੀ ਹੈ।

**ਪਰਟੂਸਿਸ**, ਜਿਸ ਨੂੰ ਵੂਪਿੰਗ ਕੱਫ ਦੀ ਤਰ੍ਹਾਂ ਵੀ ਜਾਣਿਆ ਜਾਂਦਾ ਹੈ, ਪਰਟੂਸਿਸ ਬੈਕਟੀਰੀਆ ਕਰਕੇ ਹੋਣ ਵਾਲਾ ਸਾਹ ਦੇ ਰਸਤਿਆਂ ਦਾ ਗੰਭੀਰ ਵਿਗਾੜ ਹੈ।ਪਰਟੂਸਿਸ ਨਿਮੋਨਿਆ,ਝੰਜੋੜਾਂ, ਦਿਮਾਗ ਨੂੰ ਨੁਕਸਾਨ ਜਾਂ ਮੌਤ ਦਾ ਕਾਰਨ ਬਣ ਸਕਦੀ ਹੈ।ਇਹ ਜਟਿਲਤਾਵਾਂ ਅਕਸਰ ਸਭ ਤੋਂ ਜਿਆਦਾ ਛੋਟੇ ਬੱਚਿਆਂ ਵਿੱਚ ਦੇਖੀਆਂ ਜਾਂਦੀਆਂ ਹਨ।ਇਹ ਬੈਕਟੀਰੀਆ ਖੰਘਣ, ਛਿੱਕਣ ਜਾਂ ਨਿਕਟੀ ਆਮ੍ਹੋ ਸਾਮ੍ਹਣੇ ਦੇ ਸੰਪਰਕ ਨਾਲ ਅਸਾਨੀ ਨਾਲ ਫੈਲ ਜਾਂਦੇ ਹਨ। ਪਰਟੂਸਿਸ ਕਰਕੇ ਜ਼ੋਰਦਾਰ ਖੰਘ ਆਉਂਦੀ ਹੈ ਜਿਸ ਦਾ ਅੰਤ ਅਕਸਰ ਅਗਲੇ ਸਾਹ ਤੋਂ ਪਹਿਲਾਂ ਇੱਕ ਲਲਕਾਰ ਵਰਗੀ ਅਵਾਜ ਨਾਲ ਹੁੰਦਾ ਹੈ।ਇਹ ਖੰਘ ਕਈ ਮਹੀਨਿਆਂ ਤੱਕ ਰਹਿ ਸਕਦੀ ਹੈ ਅਤੇ ਅਕਸਰ ਸਭ ਤੋਂ ਜਿਆਦਾ ਰਾਤ ਵੇਲੇ ਵਾਪਰਦੀ ਹੈ।ਪਰਟੂਸਿਸ ਹੋਣ ਵਾਲੇ 170 ਬੱਚਿਆਂ ਵਿੱਚੋਂ ਲਗਭਗ 1 ਦੀ ਮੌਤ ਹੋ ਸਕਦੀ ਹੈ।

**ਹੈਪੇਟਾਈਟਸ ਬੀ** ਇਕ ਅਜਿਹਾ ਵਾਇਰਸ ਹੈ ਜੋ ਜਿਗਰ ਤੇ ਹਮਲਾ ਕਰਦਾ ਹੈ।ਇਹ ਜਿਗਰ ਨੂੰ ਸਥਾਈ ਨੁਕਸਾਨ (ਸਿਰੋਸਿਸ) ਸਮੇਤ ਗੰਭੀਰ ਬੀਮਾਰੀ ਦਾ ਕਾਰਨ ਬਣ ਸਕਦਾ ਹੈ।ਹੈਪੇਟਾਈਟਸ ਬੀ ਜਿਗਰ ਦੇ ਕੈਂਸਰ, ਜੋ ਕਿ ਜਾਨਲੇਵਾ ਹੋ ਸਕਦਾ ਹੈ, ਦਾ ਮੁੱਖ ਕਾਰਨ ਹੈ।ਹੈਪੇਟਾਈਟਸ ਬੀ ਵਾਇਰਸ ਖ਼ੂਨ ਜਾਂ ਸਰੀਰਕ ਦ੍ਰਵਾਂ ਦੇ ਨਾਲ ਸੰਪਰਕ ਵਿੱਚ ਆਉਣ ਕਰਕੇ ਇਸ ਨਾਲ ਗ੍ਰਸਤ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਫੈਲਦਾ ਹੈ।ਉਹ ਮਾਵਾਂ ਜੋ ਹੈਪੇਟਾਈਟਸ ਬੀ ਵਾਇਰਸ ਦੇ ਨਾਲ ਗ੍ਰਸਤ ਹਨ ਜਨਮ ਦੇਣ ਦੇ ਦੌਰਾਨ ਇਹ ਵਾਇਰਸ ਆਪਣੇ ਨਵੇਂ ਜਨਮੇ ਬੱਚਿਆਂ ਨੂੰ ਦੇ ਸਕਦੀਆਂ ਹਨ।ਜਦੋਂ ਛੋਟੇ ਬਚੇ ਹੈਪੇਟਾਈਟਸ ਬੀ ਵਾਇਰਸ ਨਾਲ ਵਿਗਾੜਗ੍ਰਸਤ ਹੋ ਜਾਂਦੇ ਹਨ ਤਾਂ ਅਕਸਰ ਉਨ੍ਹਾਂ ਨੂੰ ਲੱਛਣ ਨਹੀਂ ਹੁੰਦੇ ਪਰ ਜਿਆਦਾਤਰ ਸਾਰੀ ਉਮਰ ਲਈ ਵਿਗਾੜਗ੍ਰਸਤ ਰਹਿਣਗੇ।ਇਸ ਲਈ ਛੋਟੀ ਉਮਰ ਵਿੱਚ ਵੈਕਸੀਨ ਕੋਲੋਂ ਸੁਰੱਖਿਆ ਪ੍ਰਾਪਤ ਕਰਨਾ ਮਹੱਤਵਪੂਰਨ ਹੈ।

**ਪੋਲਿਓ**, ਵਾਇਰਸ ਦੇ ਲਾਗ ਕਾਰਨ ਹੋਣ ਵਾਲੀ ਇੱਕ ਬਿਮਾਰੀ ਹੈ।ਜਦ ਕਿ ਜਿਆਦਾਤਰ ਪੋਲਿਓ ਲਾਗਾਂ ਦੇ ਕੋਈ ਲੱਛਣ ਨਜ਼ਰ ਨਹੀਂ ਆਉਂਦੇ, ਪਰ ਕੁੱਝ ਹੋਰਨਾਂ ਦੇ ਕਾਰਨ ਬਾਂਹਾਂ ਜਾਂ ਲੱਤਾਂ ਦਾ ਲਕਵਾ ਜਾਂ ਇੱਥੋਂ ਤੱਕ ਕਿ ਮੌਤ ਵੀ ਹੋ ਸਕਦੀ ਹੈ।ਪੋਲਿਓ ਦੇ ਲਾਗ ਵਾਲੇ 200 ਮਰੀਜ਼ਾਂ ਵਿਚੋਂ ਲਗਭਗ 1 ਨੂੰ ਲਕਵਾ ਹੋ ਜਾਂਦਾ ਹੈ।ਪੋਲਿਓ ਵਿਗਾੜਗ੍ਰਸਤ ਵਿਅਕਤੀ ਦੇ ਮਲ-ਤਿਆਗ (ਟੱਟੀ) ਨਾਲ ਸੰਪਰਕ ਕਾਰਨ ਫੈਲ ਸਕਦਾ ਹੈ।ਇਹ ਬਿਮਾਰੀ ਟੱਟੀ ਨਾਲ ਦੂਸ਼ਿਤ ਹੋਇਆ ਖਾਣਾ ਖਾਣ ਜਾਂ ਪਾਣੀ ਪੀਣ ਨਾਲ ਹੋ ਸਕਦੀ ਹੈ।

***ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ** ਇੱਕ ਅਜਿਹਾ ਬੈਕਟੀਰੀਆ ਹੈ ਜਿਹੜਾ ਸਭ ਤੋਂ ਆਮਤੌਰ ਤੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵਿਗਾੜਗ੍ਰਸਤ ਕਰਦਾ ਹੈ।ਇਹ ਮੈਨਿੰਨਜਾਈਟਸ ਜੋ ਕਿ ਦਿਮਾਗ ਨੂੰ ਢੱਕਣ ਵਾਲੀ ਪਰਤ ਦਾ ਵਿਗਾੜ ਅਤੇ ਸੈਪਟੀਸੀਮੀਆ- ਜੋ ਖੁਨ ਦਾ ਵਿਗਾੜ ਹੈ, ਸਮੇਤ ਗੰਭੀਰ ਅਤੇ ਜਾਨ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ ਵਿਗਾੜ ਖੰਘਣ, ਛਿੱਕਣ ਜਾਂ ਨਿਕਟੀ ਆਮ੍ਹੋ ਸਾਮ੍ਹਣੇ ਦੇ ਸੰਪਰਕ ਨਾਲ ਫੈਲਦਾ ਹੈ।ਬਿਮਾਰ ਹੋਣ ਵਾਲੇ ਹਰੇਕ 20 ਬੱਚਿਆਂ ਵਿੱਚੋਂ 1 ਦੀ ਮੋਤ ਹੋ ਸਕਦੀ ਹੈ।

BC Centre for Disease Control
Provincial Health Services Authority